



# ਇੰਮਪਰੂਵਮੈਂਟ ਟਰੱਸਟ

ਨਗਰ ਸੁਧਾਰ ਟਰੱਸਟ, ਹੁਸ਼ਿਆਰਪੁਰ ਜਿਸ ਦਾ ਦਫ਼ਤਰ ਮਾਹਿਲਪੁਰ ਰੋਡ ਤੇ ਸਥਿਤ ਹੈ। ਇਸ ਦੀ ਸਥਾਪਨਾ ਪੰਜਾਬ ਸਰਕਾਰ ਵਲੋਂ ਨੋਟੀਫਿਕੇਸ਼ਨ ਜਾਰੀ ਕਰਕੇ ਸਾਲ 1974 ਵਿੱਚ ਕੀਤੀ ਗਈ ਸੀ। ਸਰਕਾਰ ਵਲੋਂ ਇਸ ਟਰੱਸਟ ਦੇ ਪਹਿਲੇ ਚੇਅਰਮੈਨ ਮਹੰਤ ਸੇਵਾ ਦਾਸ ਨਾਮਜ਼ਦ ਕੀਤੇ ਗਏ ਸਨ। ਨਗਰ ਸੁਧਾਰ ਟਰੱਸਟ, ਹੁਸ਼ਿਆਰਪੁਰ, ਪੰਜਾਬ ਟਾਊਨ ਇੰਮਪਰੂਵਮੈਂਟ ਐਕਟ 1922 ਅਤੇ ਸਮੇਂ-ਸਮੇਂ ਤੇ ਸਰਕਾਰ ਵਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਕੰਮ ਕਰਦਾ ਹੈ। ਟਰੱਸਟ ਦਾ ਮੁੱਖ ਉਦੇਸ਼ ਨਗਰ ਕੌਂਸਲ ਦੀ ਹਦੂਦ ਅੰਦਰ ਸ਼ਹਿਰ ਦਾ ਯੋਜਨਾਬੱਧ ਵਿਕਾਸ ਕਰਨਾ ਹੁੰਦਾ ਹੈ। ਟਰੱਸਟ ਵਲੋਂ ਜ਼ਮੀਨ ਐਕਵਾਇਰ ਕਰਕੇ ਉਸ ਉਪਰ ਵਿਕਾਸ ਸਕੀਮਾਂ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਦਾ ਮੁੱਖ ਮੰਤਵ ਰਿਹਾਇਸ਼ੀ ਅਤੇ ਵਪਾਰਕ ਵਰਤੋਂ ਲਈ ਕੀਤਾ ਜਾਂਦਾ ਹੈ। ਟਰੱਸਟ ਵਲੋਂ ਵਿਕਾਸ ਸਕੀਮਾਂ ਅਧੀਨ ਉਸਾਰੇ ਗਏ ਪ੍ਰੋਜੈਕਟ ਵਿਚ ਰਹਿਣ ਵਾਲੇ ਲੋਕਾਂ ਲਈ ਬੁਨਿਆਦੀ ਸਹੂਲਤਾਂ ਜਿਵੇਂ ਕਿ ਵਾਟਰ ਸਪਲਾਈ, ਸੀਵਰੇਜ, ਸੜਕਾਂ, ਪਾਰਕਾਂ ਅਤੇ ਫੁੱਟਪਾਥ, ਸਟਰੀਟ ਲਾਈਟ ਆਦਿ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਅਤੇ ਇਹਨਾਂ ਦੀ ਸਾਂਭ ਸੰਭਾਲ ਕੀਤੀ ਜਾਂਦੀ ਹੈ। ਟਰੱਸਟ ਵਲੋਂ ਸਕੀਮਾਂ ਬਣਾ ਕੇ ਅਤੇ ਐਕਵਾਇਰ ਕਰਕੇ ਰਾਖਵੀਂ ਕੀਮਤ ਤੇ ਲਾਟਰੀ ਰਾਹੀਂ ਪਲਾਟਾਂ ਦੀ ਅਲਾਟਮੈਂਟ ਕੀਤੀ ਜਾਂਦੀ ਹੈ ਅਤੇ ਵਪਾਰਕ ਵਰਤੋਂ ਵਾਲੇ ਪਲਾਟ ਖੁੱਲੀ ਬੋਲੀ ਰਾਹੀਂ ਵੇਚੇ ਜਾਂਦੇ ਹਨ।

ਇਸ ਸੰਸਥਾ ਦਾ ਮੁੱਖੀ ਚੇਅਰਮੈਨ ਹੁੰਦਾ ਹੈ। ਬਾਕੀ ਸਟਾਫ ਵਿਚ ਕਾਰਜ ਸਾਧਰ ਅਫ਼ਸਰ, ਸਹਾਇਕ ਟਰੱਸਟ ਇੰਜੀਨੀਅਰ, ਭਾਗ ਅਫ਼ਸਰ, ਨਕਸ਼ਾ ਨਵੀਸ, ਚਾਰ ਜੂਨੀਅਰ ਸਹਾਇਕ ਅਤੇ ਚਾਰ ਕਲਰਕ ਦਫ਼ਤਰ ਵਿਚ ਕੰਮ ਕਰ ਰਹੇ ਹਨ। ਹੁਣ ਤੱਕ ਟਰੱਸਟ ਵਲੋਂ ਹੇਠਾਂ ਲਿਖੇ ਅਨੁਸਾਰ ਵੱਖ-ਵੱਖ ਵਿਕਾਸ ਸਕੀਮਾਂ ਵਿਕਸਤ ਕੀਤੀਆਂ ਗਈਆਂ ਹਨ:—

**ਸਕੀਮ ਨੰ: 10**

ਇਸ ਸਕੀਮ ਦਾ ਰਕਬਾ 40.93 ਏਕੜ ਹੈ। ਇਹ ਇਕ ਰਿਹਾਇਸ਼ੀ ਵਿਕਾਸ ਸਕੀਮ ਜੋ ਕਿ ਡੀ.ਸੀ. ਰੈਜੀਡੈਂਸ ਦੇ ਸਾਹਮਣੇ ਪੈਂਦੀ ਹੈ। ਇਸ ਸਕੀਮ ਵਿਚ ਕੁਲ 368 ਪਲਾਟ ਬਣਾਏ ਗਏ ਹਨ, ਜਿਨ੍ਹਾਂ ਵਿੱਚੋਂ 358 ਪਲਾਟ ਟਰੱਸਟ ਦੁਆਰਾ ਵੇਚੇ ਜਾ ਚੁੱਕੇ ਹਨ। ਇਸ ਸਕੀਮ ਵਿਚ ਰਹਿ ਰਹੇ ਲੋਕਾਂ ਦੀ ਸਹੂਲਤ ਲਈ ਵਾਟਰ ਸਪਲਾਈ, ਸੀਵਰੇਜ਼, ਸਟਰੀਟ ਲਾਈਟ, ਸੜਕਾਂ ਅਤੇ ਪਾਰਕਾਂ ਦਾ ਪ੍ਰਬੰਧ ਟਰੱਸਟ ਵਲੋਂ ਕੀਤਾ ਗਿਆ ਹੈ ਅਤੇ ਇਹ ਸਕੀਮ ਨਗਰ ਕੌਂਸਲ ਹੁਸ਼ਿਆਰਪੁਰ ਨੂੰ ਮੇਨਟੀਨੈਂਸ ਦੇ ਲਿਹਾਜ਼ ਨਾਲ ਸੌਂਪੀ ਜਾ ਚੁੱਕੀ ਹੈ।

**ਸਕੀਮ ਨੰ: 11**

ਮਾਹਿਲਪੁਰ ਰੋਡ ਤੇ 13.70 ਏਕੜ ਦੀ ਰਿਹਾਇਸ਼ੀ ਅਤੇ ਵਪਾਰਕ ਸਕੀਮ ਬਨਾਈ ਗਈ ਹੈ, ਟਰੱਸਟ ਦਾ ਦਫ਼ਤਰ ਵੀ ਇਸ ਸਕੀਮ ਵਿੱਚ ਪੈਂਦਾ ਹੈ। ਇਸ ਸਕੀਮ ਵਿਚ ਕੁਲ 127 ਰਿਹਾਇਸ਼ੀ ਪਲਾਟ ਹਨ। ਜਿਨ੍ਹਾਂ ਵਿਚੋਂ 114 ਪਲਾਟ ਟਰੱਸਟ ਦੁਆਰਾ ਵੇਚੇ ਜਾ ਚੁੱਕੇ ਹਨ। ਇਸ ਸਕੀਮ ਵਿੱਚ 24 ਸ਼ਾਪ ਕਮ ਆਫਸ ਅਤੇ 20 ਬੂਥ ਸਾਈਟਾਂ ਹਨ ਜੋ ਕਿ ਵੇਚੀਆਂ ਜਾ ਚੁੱਕੀਆਂ ਹਨ। ਇਸ ਸਕੀਮ ਵਿਚ ਹੀ ਹੋਟਲ ਸਾਈਟ ਵਾਲੀ ਜਗ੍ਹਾ ਜੋ ਕਿ ਡੀ.ਏ.ਸੀ. ਨਾਲ ਲਗਦੀ ਹੈ ਤੇ ਤਿੰਨ ਮੰਜ਼ਿਲੀ ਦੁਕਾਨਾਂ ਉਸਾਰਨ ਦੀ ਤਜਵੀਜ਼ ਹੈ।

**ਸਕੀਮ ਨੰ: 2**

ਇਹ ਸਕੀਮ ਫਗਵਾੜਾ ਰੋਡ ਤੇ ਬਣਾਈ ਗਈ ਹੈ। ਜਿਸ ਦਾ ਰਕਬਾ 61.34 ਏਕੜ ਹੈ। ਇਸ ਸਕੀਮ ਵਿਚ ਕੁਲ 571 ਪਲਾਟ ਪੈਂਦੇ ਹਨ, ਜਿਨ੍ਹਾਂ ਵਿਚੋਂ 195 ਪਲਾਟ ਵੇਚੇ ਜਾ ਚੁੱਕੇ ਹਨ। ਇਸ ਸਕੀਮ ਵਿਚ 52 ਬੂਥ ਪੈਂਦੇ ਹਨ, ਜਿਨ੍ਹਾਂ ਵਿਚੋਂ 25 ਦੁਕਾਨਾਂ ਦੀ ਉਸਾਰੀ ਕੀਤੀ ਜਾ ਚੁੱਕੀ ਹੈ, ਜੋ ਕਿ ਖੁੱਲ੍ਹੀ ਬੋਲੀ ਰਾਹੀਂ ਵੇਚੀਆਂ ਜਾਣਗੀਆਂ। ਇਸ ਤੋਂ ਇਲਾਵਾ 3.40 ਏਕੜ ਰਕਬਾ ਖਾਸ ਮੰਤਵ ਲਈ ਹੈਲਥ ਸੈਂਟਰ ਅਤੇ ਵਰਕਿੰਗ ਵੂਮੈਨ ਹੋਸਟਲ, ਪ੍ਰਾਇਮਰੀ ਸਕੂਲ ਅਤੇ ਕਰੈਚ ਲਈ ਰਾਖਵਾਂ ਰੱਖਿਆ ਗਿਆ ਹੈ।